## ਹੋਰ ਫਿਕਰ ਜਾਂ ਸਵਾਲ ਹਨ?

ਘਰ ਜਾਣ ’ਤੇ ਜੇ ਤੁਹਾਡੇ ਮਨ ਵਿਚ ਕੋਈ ਫਿਕਰ ਹੋਵੇ ਤਾਂ ਕਿਰਪਾ ਕਰਕੇ ਫੋਨ ਕਰੋ:

ਡੇਅਕੇਅਰ ਸਰਜਰੀ: 875-2345, ਲੋਕਲ 7225 (ਸੋਮਵਾਰ-ਸ਼ੁਕਰਵਾਰ, ਸਵੇਰ ਦੇ 7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ)

ਤੁਹਾਡਾ ਫੈਮਿਲੀ ਡਾਕਟਰ:

ਟੈਲੀਫੋਨ ਨੰਬਰ: ______________________

ਆਪਣੇ ਬੱਚੇ ਦੀ ਸਰਜਰੀ ਬਾਰੇ ਸਵਾਲਾਂ ਲਈ ਸਰਜਨ ਨੂੰ ਫੋਨ ਕਰੋ:

ਟੈਲੀਫੋਨ ਨੰਬਰ: ______________________

ਜੇ ਤੁਸੀਂ ਆਪਣੇ ਬੱਚੇ ਦੀ ਹਾਲਤ ਬਾਰੇ ਬਹੁਤ ਫਿਕਰਮੰਦ ਹੋਵੋ ਤਾਂ ਉਸ ਨੂੰ ਇੱਥੇ ਲਿਆਉ:

***ਐਮਰਜੰਸੀ ਡਿਪਾਰਟਮੈਂਟ***

**24 ਘੰਟੇ ਖੁਲ੍ਹਾ**

**ਟੈਲੀਫੋਨ: 875-2345, ਲੋਕਲ 7258**

ਚਿਲਡਰਨ’ਜ਼ ਐਂਡ ਵਿਮਨ’ਜ਼ ਹੈਲਥ ਸੈਂਟਰ ਔਫ ਬ੍ਰਿਟਿਸ਼ ਕੋਲੰਬੀਆ ਵਿਖੇ ਅਸੀਂ ਇਹ ਯਕੀਨ ਕਰਦੇ ਹਾਂ ਕਿ ਮਾਪੇ ਹੈਲਥ ਕੇਅਰ ਟੀਮ ਵਿਚ ਪਾਰਟਨਰ ਹਨ। ਅਸੀਂ ਤੁਹਾਨੂੰ ਵੱਧ ਤੋਂ ਵੱਧ ਜਾਣਕਾਰੀ ਦੇਣਾ ਚਾਹੁੰਦੇ ਹਾਂ। ਇਹ ਬਰੋਸ਼ਰ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਦੇਵੇਗਾ। ਕਿਰਪਾ ਕਰਕੇ ਉਨ੍ਹਾਂ ਚੀਜ਼ਾਂ ਬਾਰੇ ਪੁੱਛੋ ਜਿਹੜੀਆਂ ਤੁਹਾਨੂੰ ਸਮਝ ਨਹੀਂ ਆਈਆਂ ਅਤੇ ਆਪਣੇ ਫਿਕਰ ਸਾਂਝੇ ਕਰੋ।

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਫੋਨ ਕਰੋ: 875-2345, ਲੋਕਲ 7225

*ਡੇਅਕੇਅਰ ਸਰਜਰੀ ਡਿਪਾਰਟਮੈਂਟ ਦੇ ਮਾਹਰਾਂ ਵਲੋਂ ਡਿਪਾਰਟਮੈਂਟ ਔਫ ਲਰਨਿੰਗ ਐਂਡ ਡਿਵੈਲਪਮੈਂਟ ਦੀ ਸਹਾਇਤਾ ਨਾਲ ਤਿਆਰ ਕੀਤਾ*

BCCH1020 © 2000 BC Children’s Hospital

[Punjabi]

# ਬੇਹੋਸ਼ ਕਰਨ ਤੋਂ ਬਾਅਦ ਦੇ ਪਹਿਲੇ 24 ਘੰਟੇ

## The First 24 Hours After a General Anesthetic

BC CHILDREN’S HOSPITAL
An agency of the Provincial Health Services Authority

4480 Oak Street,
Vancouver BC, V6H 3V4
604-875-2345
1-888-300-3088
www.bcchildrens.ca

## ਬੇਹੋਸ਼ ਕਰਨ ਤੋਂ ਬਾਅਦ ਦੇ ਪਹਿਲੇ 24 ਘੰਟੇ

ਤੁਹਾਡਾ ਬੱਚਾ ਕਿੰਨੀ ਛੇਤੀ ਠੀਕ ਹੋਵੇਗਾ, ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਸੁਲਾਉਣ ਲਈ ਕਿਸ ਕਿਸਮ ਦੀ ਦਵਾਈ ਦਿੱਤੀ ਗਈ ਸੀ ਅਤੇ ਅਪਰੇਸ਼ਨ ਕਿਸ ਕਿਸਮ ਦਾ ਸੀ। ਜਾਗਣ 'ਤੇ ਤੁਹਾਡਾ ਬੱਚਾ ਪੂਰੀ ਤਰ੍ਹਾਂ ਜਾਗ ਸਕਦਾ ਹੈ ਅਤੇ ਚੁਸਤ ਹੋ ਸਕਦਾ ਹੈ, ਊਂਘਦਾ ਹੋ ਸਕਦਾ ਹੈ ਜਾਂ ਬੌਂਦਲਿਆ ਹੋ ਸਕਦਾ ਹੈ। ਬਹੁਤੇ ਬੱਚੇ ਤਕਰੀਬਨ 24 ਘੰਟਿਆਂ ਲਈ ਆਪਣੇ ਪੈਰਾਂ 'ਤੇ ਡਾਵਾਂਡੋਲ ਰਹਿੰਦੇ ਹਨ। ਇਸ ਸਮੇਂ ਦੌਰਾਨ ਆਪਣੇ ਬੱਚੇ ਦੀ ਖੇਡਣ ਵਿਚ ਮਦਦ ਕਰੋ ਤਾਂ ਜੋ ਉਹ ਡਿਗੇ ਨਾ ਅਤੇ ਉਸ ਦੇ ਸੱਟ ਨਾ ਲੱਗੇ। ਆਮ ਚੀਜ਼ਾਂ ਵੱਲ ਪਰਤਣ ਬਾਰੇ ਆਪਣੀ ਨਰਸ ਜਾਂ ਡਾਕਟਰ ਦੀ ਕੋਈ ਵੀ ਸਲਾਹ ਲਿਖ ਲਵੋ।

## ਚੀਸਾਂ ਪੈਣਾ, ਦਰਦਾਂ, ਬੁਖ਼ਾਰ?

ਤੁਹਾਡੇ ਬੱਚੇ ਦਾ ਉਸ ਟਿਊਬ ਕਰਕੇ ਗਲਾ ਜਾਂ ਨੱਕ ਦੁਖ ਸਕਦਾ ਹੈ ਜਿਸ ਨੇ ਬੇਹੋਸ਼ੀ ਦੌਰਾਨ ਸਾਹ ਲੈਣ ਵਿਚ ਉਸ ਦੀ ਮਦਦ ਕੀਤੀ ਸੀ। ਗਲੇ ਤੋਂ ਆਰਾਮ ਲਈ ਪੀਣ ਵਾਲੀ ਕਿਸੇ ਠੰਢੀ ਚੀਜ਼ ਦੇ ਘੁੱਟ ਦਿਉ। ਕੁਝ ਦਿਨਾਂ ਲਈ ਤੁਹਾਡੇ ਬੱਚੇ ਦਾ ਗਲਾ ਬੈਠਿਆ ਹੋ ਸਕਦਾ ਹੈ, ਉਸ ਨੂੰ ਖਰਖਰੀ ਵਾਲੀ ਖੰਘ ਆ ਸਕਦੀ ਹੈ, ਅਤੇ ਪੱਠੇ ਆਕੜੇ ਹੋ ਸਕਦੇ ਹਨ। ਹਸਪਤਾਲ ਤੋਂ ਜਾਣ ਤੋਂ ਪਹਿਲਾਂ ਦਰਦ ਤੋਂ ਆਰਾਮ ਲਈ ਦਵਾਈ ਬਾਰੇ ਆਪਣੇ ਡਾਕਟਰ ਤੋਂ ਪੁੱਛੋ।

ਅਪਰੇਸ਼ਨ ਰੂਮ ਵਿੱਚੋਂ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਮਾਸ ਸੁਲਾਇਆ ਗਿਆ ਹੋ ਸਕਦਾ ਹੈ (ਜਿਸ ਨੂੰ ਨਰਵ ਬਲੌਕ ਕਹਿੰਦੇ ਹਨ)। ਇਹ ਬਲੌਕ ਸਰਜਰੀ ਤੋਂ ਬਾਅਦ ਦਰਦ ਨੂੰ ਕੰਟਰੋਲ ਕਰਦਾ ਹੈ। ਇਹ ਤਕਰੀਬਨ 6 ਘੰਟਿਆਂ ਲਈ ਚੂਲਿਆਂ ਅਤੇ ਲੱਤਾਂ ਨੂੰ ਸੁੰਨ ਕਰਦਾ ਹੈ। ਬੈਠਣ ਜਾਂ ਲੰਮਾ ਪੈਣ ਵਿਚ ਆਪਣੇ ਬੱਚੇ ਦੀ ਮਦਦ ਕਰੋ ਪਰ ਸੁੰਨਤਾ ਦੇ ਪੂਰੀ ਤਰ੍ਹਾਂ ਹਟ ਜਾਣ ਤੱਕ ਉਸ ਨੂੰ ਖੜ੍ਹਨ ਨਾ ਦਿਉ। ਜੇ ਤੁਹਾਡੇ ਬੱਚੇ ਦੀ ਨਰਵ ਬਲੌਕ ਕੀਤੀ ਗਈ ਹੋਵੇ ਤਾਂ ਤੁਸੀਂ ਚੀਰੇ ਦੇ ਥੱਲੇ ਦੀ ਚਮੜੀ ਵਿਚ ਜਾਂ ਕਮਰੋੜ ਦੇ ਹੇਠਾਂ ਇਕ ਛੋਟੀ ਮੋਰੀ ਦੇਖੋਗੇ।

ਤੁਹਾਡੇ ਬੱਚੇ ਨੂੰ ਬੁਖ਼ਾਰ ਹੋ ਸਕਦਾ ਹੈ। ਅਜਿਹਾ ਕਦੇ ਕਦੇ ਸੁਲਾਉਣ ਦੀ ਦਵਾਈ ਨਾਲ ਹੁੰਦਾ ਹੈ। ਜੇ ਬੱਚਾ ਲੋੜ ਜਿੰਨਾ ਪੀ ਨਾ ਰਿਹਾ ਹੋਵੇ ਤਾਂ ਬੁਖ਼ਾਰ ਹੋਣਾ ਜ਼ਿਆਦਾ ਆਮ ਹੈ। ਸੁਲਾਉਣ ਦੀ ਦਵਾਈ ਤੋਂ ਬਾਅਦ ਪਹਿਲੇ 24 ਘੰਟਿਆਂ ਲਈ ਖਾਣ ਨਾਲੋਂ ਪੀਣਾ ਜ਼ਿਆਦਾ ਜ਼ਰੂਰੀ ਹੈ। **ਜੇ ਬੁਖ਼ਾਰ 48 ਨਾਲੋਂ ਜ਼ਿਆਦਾ ਘੰਟੇ ਰਹਿੰਦਾ ਹੈ ਜਾਂ ਜੇ 38.5 ਡਿਗਰੀ ਸੀ (101 ਡਿਗਰੀ ਐਫ਼) ਤੋਂ ਉੱਪਰ ਚਲਾ ਜਾਂਦਾ ਹੈ ਤਾਂ ਆਪਣੇ ਸਰਜਨ ਜਾਂ ਬੱਚਿਆਂ ਦੇ ਡਾਕਟਰ ਨੂੰ ਦੱਸੋ।**

## ਜੇ ਚਿੱਤ ਕੱਚਾ ਹੋਵੇ ਅਤੇ ਉਲਟੀ ਆਵੇ?

ਸੁਲਾਉਣ ਦੀ ਦਵਾਈ ਤੋਂ ਬਾਅਦ ਕੁਝ ਬੱਚੇ ਬੀਮਾਰ ਮਹਿਸੂਸ ਕਰਦੇ ਹਨ ਅਤੇ ਉਲਟੀ ਕਰਦੇ ਹਨ। ਤੁਹਾਡਾ ਬੱਚਾ ਉਲਟੀ ਕਰ ਸਕਦਾ ਹੈ ਇਸ ਕਰਕੇ ਇਕ ਪਲਾਸਟਿਕ ਬੈਗ ਅਤੇ ਤੌਲੀਆ ਨਾਲ ਰੱਖੋ ਤਾਂ ਜੋ ਲੋੜ ਪੈਣ 'ਤੇ ਤੁਸੀਂ ਇਹ ਵਰਤ ਸਕੋ! ਜੇ ਤੁਹਾਡਾ ਬੱਚਾ ਉਲਟੀ ਕਰਦਾ ਹੈ ਤਾਂ ਉਸ ਨੂੰ ਸ਼ਾਂਤ ਕਰੋ ਅਤੇ ਇਕ ਘੰਟੇ ਬਾਅਦ ਪਾਣੀ ਦੇ ਛੋਟੇ ਘੁੱਟ ਜਾਂ ਬਰਫ ਦੀਆਂ ਡਲੀਆਂ ਦਿਉ। ਹੌਲੀ ਹੌਲੀ ਪੀਣ ਨੂੰ ਥੋੜ੍ਹਾ ਜਿਹਾ ਜ਼ਿਆਦਾ ਦਿਉ।

ਜੇ ਤੁਹਾਡਾ ਬੱਚਾ 2-3 ਵਾਰੀ ਉਲਟੀ ਕਰਦਾ ਹੈ ਤਾਂ ਤੁਸੀਂ ਗਰੈਵਲ (ਚਿੱਤ ਕੱਚਾ ਹੋਣ ਤੋਂ ਦਵਾਈ) ਦੇ ਸਕਦੇ ਹੋ। ਤੁਸੀਂ ਇਹ ਦਵਾਈ ਡਾਕਟਰ ਦੀ ਪਰਚੀ ਤੋਂ ਬਿਨਾਂ ਹੀ ਕਿਸੇ ਡਰੱਗਸਟੋਰ ਤੋਂ ਖਰੀਦ ਸਕਦੇ ਹੋ। ਇਹ ਫ਼ੈਸਲਾ ਕਰਨ ਵਿਚ ਫਾਰਮਾਸਿਸਟ ਤੁਹਾਡੀ ਮਦਦ ਕਰੇਗਾ ਕਿ ਆਪਣੇ ਬੱਚੇ ਨੂੰ ਕਿੰਨੀ ਗਰੈਵਲ ਦੇਣੀ ਹੈ।

**ਹੋਰ ਸਲਾਹ ਲਈ ਆਪਣੇ ਡਾਕਟਰ ਨੂੰ ਫ਼ੋਨ ਕਰੋ ਜੇ:**

- ਤੁਹਾਡਾ ਬੱਚਾ 24 ਘੰਟਿਆਂ ਨਾਲੋਂ ਜ਼ਿਆਦਾ ਸਮਾਂ ਉਲਟੀ ਕਰਨਾ ਜਾਰੀ ਰੱਖਦਾ ਹੈ,
- ਤੁਹਾਡਾ ਬੱਚਾ ਕੁਝ ਘੰਟਿਆਂ ਲਈ ਇਕ ਘੰਟੇ ਵਿਚ ਇਕ ਨਾਲੋਂ ਜ਼ਿਆਦਾ ਵਾਰੀ ਉਲਟੀ ਕਰਦਾ ਹੈ,
- ਗਰੈਵਲ ਨਾਲ ਉਲਟੀ ਨਹੀਂ ਹਟਦੀ,
- ਤੁਹਾਡਾ ਬੱਚਾ ਜਿੰਨਾ ਪੀਂਦਾ ਹੈ ਉਸ ਨਾਲੋਂ ਜ਼ਿਆਦਾ ਉਲਟੀ ਕਰਦਾ ਹੈ।

## ਕਿਹੜੇ ਖਾਣੇ ਦੇਣੇ ਹਨ।

ਹਸਪਤਾਲ ਵਿਚ, ਆਪਣੇ ਬੱਚੇ ਦੇ ਜਾਗਣ 'ਤੇ ਉਸ ਨੂੰ ਪੀਣ ਵਾਲੀਆਂ ਸਾਫ ਚੀਜ਼ਾਂ ਦਿਉ ਜਿਵੇਂ ਕਿ ਪਾਣੀ, ਐਪਲ ਜੂਸ, ਕੁਲਫੀਆਂ।

ਇਕ ਜਾਂ ਦੋ ਘੰਟਿਆਂ ਬਾਅਦ ਥੋੜ੍ਹਾ ਜਿਹਾ ਘੱਟ ਫੈਟ ਵਾਲਾ ਖਾਣਾ ਦਿਉ ਜਿਵੇਂ ਕਿ ਸੂਪ ਜਾਂ ਸੀਰੀਅਲ। ਪਚਾਉਣ ਲਈ ਔਖੇ ਖਾਣੇ ਜਿਵੇਂ ਕਿ ਪੀਜ਼ਾ, ਹੌਟਡੌਗਜ਼, ਫਰੈਂਚ ਫਰਾਈਜ਼ ਸਰਜਰੀ ਤੋਂ ਬਾਅਦ ਦੇ ਦਿਨ ਲਈ ਰੱਖੋ। (ਜੇ ਤੁਸੀਂ ਆਪਣੇ ਬੱਚੇ ਨਾਲ ਹੈਮਬਰਗਰ ਦਾ ਵਾਅਦਾ ਕੀਤਾ ਸੀ ਤਾਂ ਇਹ ਵਾਅਦਾ ਕਿਸੇ ਹੋਰ ਦਿਨ ਨਿਭਾਉ)।

ਤੁਹਾਡੇ ਬੱਚੇ ਦੀ ਖੁਰਾਕ ਬਾਰੇ ਤੁਹਾਡਾ ਡਾਕਟਰ ਤੁਹਾਨੂੰ ਖਾਸ ਸਲਾਹ ਦੇ ਸਕਦਾ ਹੈ। ਜੇ ਨਹੀਂ ਤਾਂ ਤੁਹਾਡਾ ਬੱਚਾ ਅਗਲੇ ਦਿਨ ਆਮ ਖਾਣਾ ਖਾ ਸਕਦਾ ਹੈ। ਛੋਟੇ ਬਾਲ ਪਾਣੀ ਜਾਂ ਜੂਸ ਪੀਣ ਤੋਂ ਬਾਅਦ ਛਾਤੀ ਦਾ ਦੁੱਧ ਜਾਂ ਫਾਰਮੂਲਾ ਜਾਰੀ ਰੱਖ ਸਕਦੇ ਹਨ।

## ਸਾਹ ਦੀਆਂ ਕੋਈ ਸਮੱਸਿਆਵਾਂ ਹਨ?

ਸੁਲਾਉਣ ਵਾਲੀ ਦਵਾਈ ਤੋਂ ਬਾਅਦ ਬੱਚੇ ਵਿਚ ਸਾਹ ਦੀਆਂ ਸਮੱਸਿਆਵਾਂ ਬਹੁਤ ਘੱਟ ਆਉਂਦੀਆਂ ਹਨ।

ਜੇ ਤੁਹਾਡਾ ਬੱਚਾ ਘਰੜ-ਘਰੜ ਕਰਕੇ ਸਾਹ ਲੈਣ ਲੱਗੇ/ ਖਰਖਰੀ ਲੱਗੇ ਜਾਂ ਸਾਹ ਲੈਣ ਵਿਚ ਮੁਸ਼ਕਲ ਆਏ ਤਾਂ ਆਪਣੇ ਡਾਕਟਰ ਨੂੰ ਫ਼ੋਨ ਕਰੋ ਜਾਂ ਨੇੜੇ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ।